ਸਭ ਹਕ ਰਾਖਵੇਂ ਹਨ।

G-409

ਬਨਾਸਪਤੀ

ਆਪਣੇ ਨਮੂਨੇ ਦੀ ਪੰਜਾਬੀ ਬੋਲੀ ਵਿਚ ਪਹਿਲੀ ਪੁਸਤਕ !

ਇਸ ਵਿਚ

ਬੂਟੇ ਦੇ ਹਿੱਸੇ ਤੇ ਹਰ ਹਿੱਸੇ ਦਾ ਕੰਮ, ਬੂਟੇ ਆਪਣੀ ਖੁਰਾਕ ਕਿਥੋਂ ਤੇ ਕੀਕਰ ਲੈਂਦੇ ਹਨ ਤੇ ਫਿਰ ਇਹ ਖੁਰਾਕ ਕਿਸਤਰ੍ਹਾਂ ਬੂਟੇ ਦੀ ਪਾਲਨਾ ਕਰਦੀ ਹੈ? ਫੁੱਲ ਤੇ ਫੁੱਲ ਦੇ ਹਿੱਸੇ ਤੇ ਫੁਲਾਂ ਦੇ ਸ਼ਾਦੀ ਕਰਨ ਦੇ ਤਰੀਕੇ, ਫਲ, ਬੀਜ ਆਦਿ ਦਾ ਹਾਲ ੨੨ ਲਾਇਨ ਬਲਾਕ ਦੇਕੇ ਇਸਤਰ੍ਹਾਂ ਖੋਲ੍ਹਕੇ ਸਮਝਾਇਆ ਹੈ ਕਿ ਬੂਟਿਆਂ ਸੰਬੰਧੀ ਹਰ ਗੱਲ ਦਾ ਚੰਗੀ ਤਰ੍ਹਾਂ ਪਤਾ ਲਗ ਸਕਦਾ ਹੈ।

LAHORE. LIBRARY

ਸ਼ੌਕ ਤੇ ਖੁਰਾਕ !

ਸੁਜਾਨ ਸਿੰਘ ਸ਼ੋਹਪੁਰੀ ਸਾਇੰਸ ਟੀਚਰ

ਖਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ

੧੯੨੮ ਈ:

ਪਹਿਲੀ ਵਾਰ ੫੦੦ ਮੁਲ ਛੇ ਆਨੇ

ਬਨਾਸ-ਪ੍ਰਤੀ ਜੀਵਨ !

ਸਾਇੰਸ(Science) (ਪਦਾਰਥ ਵਿਦਯਾ) ਦੇ ਜਾਣੂਆਂ (Botanists) ਨੇ ਇਸ ਗੱਲ ਨੂੰ ਹੁਣ ਚੰਗੀ ਤਰ੍ਹਾਂ ਸਿਧ ਕਰ ਲਿਆ ਹੈ ਕਿ ਬਨਾਸਪਤੀ ਵੀ ਜਾਨਵਰਾਂ ਵਾਂਗ ਜਾਨ ਰਖਣ ਵਾਲੀ ਵਸਤ ਹੈ। ਤੁਸੀਂ ਕਹੋਗੇ ਕਿ ਜੇ ਜਾਨ ਰਖਣ ਵਾਲੀ ਵਸਤ ਹੈ ਤਾ ਫਿਰ ਹੋਰਨਾਂ ਚੀਜ਼ਾਂ ਵਾਂਗ ਦੌੜਦੀ ਭਜਦੀ, ਖਾਂਦੀ ਪੀਂਦੀ ਕਿਉ ਨਹੀਂ ਦੀਹਦੀ। ਇਹ ਠੀਕ ਹੈ ਕਿ ਅਸੀਂ ਅੱਖੀਆਂ ਨਾਲ ਜਾਨਵਰਾਂ ਵਾਂਗ ਇਨ੍ਹਾਂ ਨੂੰ ਖਾਂਦੇ ਪੀਂਦੇ,ਨਸਦੇ ਭਜਦੇ ਨਹੀਂ ਵੇਖ ਸਕਦੇ; ਪਰ ਜੇ ਕਦੀ ਇਸ ਸਬੰਧੀ ਗਹੁ ਨਾਲ ਵਿਚਾਰੀਏ ਤੇ ਪੂਰੀ ੨ ਖੋਜ ਕਰੀਏ ਤਾਂ ਪਤਾ ਲਗ ਜਾਏਗਾ ਕਿ ਭਾਵੇਂ ਅਸੀਂ ਅੱਖੀਆਂ ਨਾਲ ਇਨ੍ਹਾਂ ਨੂੰ ਖਾਂਦੇ ਪੀਂਦੇ ਨਹੀਂ ਵੇਖ ਸਕਦੇ ਪਰ ਅਸਲ ਵਿਚ ਇਹ ਵੀ ਜਾਨ-ਵਰਾਂ ਵਾਂਗ ਅੰਗ ਰਖਦੇ ਹਨ, ਤੇ ਇਨ੍ਹਾਂ ਅੰਗਾਂ ਦੀ ਰਾਹੀਂ ਇਹ ਆਪਣੀ ਖੁਰਾਕ ਖਾਂਦੇ,ਪਾਣੀ ਪੀਂਦੇ,ਤੇ ਸਾਹ ਲੈਂਦੇ ਹਨ। ਜਿਸ ਤਰ੍ਹਾਂ ਆਦਮੀ ਜਾਂ ਹੋਰ ਜਾਨਵਰਾਂ ਲਈ ਹਵਾ, ਪਾਣੀ, ਧੁਪ,ਖੁਰਾਕ ਜ਼ਰੂਰੀ ਹਨ, ਬਨਾਸਪਤੀ ਨੂੰ ਵੀ ਇਹ ਚੀਜ਼ਾਂ ਜ਼ਰੂਰੀ ਹਨ। ਜੇ ਇਹ ਚੀਜ਼ਾਂ ਨਾ ਮਿਲਨ ਤਾਂ ਉਹ ਜਾਨਵਰਾਂ ਵਾਂਗ ਕੁਮਲਾਕੇ ਸੁਕ ਜਾਣ। ਤੁਸਾਂ ਕਈ ਵਾਰ ਔੜ ਦੇ ਸਮੇਂ ਵੇਖਿਆ ਹੋਣਾ ਏਂ ਕਿ ਮੀਂਹ ਦੇ ਨਾ ਵਸਣ ਨਾਲ ਫਸਲਾਂ ਕਿਸਤਰ੍ਹਾਂ ਪੀਲੀਆਂ ਪੈਕੇ ਸੁਕ ਜਾਂਦੀਆਂ ਹਨ ਤੇ ਫਿਰ ਮੀਂਹ ਵਰ੍ਹਣ ਨਾਲ ਮੁੜਕੇ ਹਰੀਆਂ ਭਰੀਆਂ ਹੋ ਜਾਂਦੀਆਂ ਹਨ।

LAHORE

ਇਸੇ ਤਰ੍ਹਾਂ ਧੁਪਤੇਹਵਾ ਦੇ ਨਾ ਮਿਲਣਤੇ ਜਾਂ ਪੂਰੀ ਨਾ ਮਿਲਨ ਤੇ ਬਨਾਸਪਤੀ ਦਾ ਹਾਲ ਹੁੰਦਾ ਹੈ। ਜੇ ਕਦੀ ਇਸਤੋਂ ਅਗੇ ਹੋਰ ਵਿਚਾਰੀਏ ਤਾਂ ਪਤਾ ਲਗੇਗਾ ਕਿ ਇਹ ਜਾਨਵਰਾਂ ਵਾਂਗ ਅਰਾਮ ਦੇ ਲੋੜਵੰਦ ਭੀ ਹਨ ਤੇ ਰਾਤ ਨੂੰ ਸੌਂਦੇ ਹਨ। ਇਸਤੋਂ ਬਿਨਾਂ ਦੁਖ ਸੁਖ ਨੂੰ ਭੀ ਅਨੁਭਵ ਕਰਦੇ ਹਨ। ਇਨ੍ਹਾਂ ਵਿਚ ਵੀ ਜਾਨਵਰਾਂ ਵਾਂਗ ਨਾੜਾਂ (ਰੇਸ਼ੇ) ਹਨ, ਜਿਨ੍ਹਾਂ ਦੀ ਰਾਹੀਂ ਸਾਰੇ ਬੂਟੇ ਵਿਚ ਪਾਣੀ ਗੇੜ ਖਾਂਦਾ ਹੈ ਤੇ ਬੂਟਾ ਉਸ ਚਿਚੋਂ ਅਪਣੀ ਖੁਰਾਕ ਚੂਸਕੇ ਵਧਦਾ ਹੈ। ਬਨਾਸਪਤ ਵਿਦਜਾ ਦੇ ਜਾਣੂਆਂ (Botanists) ਨੇ ਹੁਣ ਇਸ ਕਿਸਮ ਦੇ ਛੋਟੇ ੨ ਬੂਟੇ ਵੀ ਲਭ ਲਏ ਹਨ, ਜੇਹੜੇ ਜਾਨਵਰਾਂ ਵਾਂਗ *ਮਾਸਾਹਾਰੀ ਹਨ;

---

* ਜਿਹਾ ਕਿ ਤੁਹਾਨੂੰ ਪੈਹਲੇ ਮਲੂਮ ਹੈ ਕਿ ਹਰ ਬੂਟੇ ਦੇ ਤਕੜੇ ਹੋਣ ਲਈ ਕਾਰਬਨ, ਹਾਇਡਰੋਜਨ, ਆਕਸੀਜਨ, ਨੈਟਰੋਜਨ, ਗੰਧਕ, ਫਾਸਫੋਰਸ, ਕੈਲਸੀਅਮ, ਮੈਗਨੇਸ਼ੀਅਮ, ਲੋਹਾ ਆਦਿਕ ਦੀ ਲੋੜ ਹੈ। ਮਾਸਾਹਾਰੀ ਬੂਟੇ ਨੈਟਰੋਜਨ ਨੂੰ ਕਈ ਕੀੜੇ ਖਾਕੇ ਲੈਂਦੇ ਹਨ। ਇਸੇ ਕਰਕੇ ਇਨ੍ਹਾਂ ਨੂੰ ਮਾਸਾਹਾਰੀ ਕਿਹਾ ਜਾਂਦਾ ਹੈ। ਕੀੜਿਆਂ ਦੇ ਪਕੜਨ ਦਾ ਕੰਮ ਉਹ ਫੁਲਾਂ ਤੇ ਪੱਤਿਆਂ ਤੋਂ ਲੈਂਦੇ ਹਨ। (ਸਾਰਿਆਂ ਤੋਂ ਪੈਹਲੇ ੧੭੬੯ ਈ: ਵਿਚ ਇੰਗਲਸਤਾਨ ਦੇ ਇਕ ਬਨਾਸਪਤ ਵਿਦਜਾ ਦੇ ਜਾਣੂ ਮਿਸਟਰ ਏਲਸ ਨੇ ਇਹ ਮਲੂਮ ਕੀਤਾ ਸੀ ਕਿ ਵੇਵਨਾ (ਇਕ ਕਿਸਮ ਦੀ ਬਨਾਸਪਤੀ ਹੈ) ਆਪਣੇ ਉਪਰ ਬੈਹਣ ਵਾਲੇ ਕੀੜਿਆਂ ਨੂੰ ਅਪਨੇ ਵਿਚ ਬੰਦ ਕਰ ਲੈਂਦੇ ਹਨ ☛

ਅਰਥਾਤ ਆਪਣੇ ਪੱਤਿਆਂ ਜਾਂ ਫੁਲਾਂ ਦੀ ਰਾਹੀਂ ਛੋਟੇ ੨ ਕੀੜਿਆਂ ਨੂੰ ਖਾ ਜਾਂਦੇ ਹਨ। ਜੇ ਅਸੀਂ ਬਨਾਸਪਤੀ ਨੂੰ ਵੀ ਸਾਇੰਸ ਦੀਆਂ ਹੋਰਨਾਂ ਸਰੇਣੀਆਂ ਵਾਂਗ ਗਹੁ ਨਾਲ ਵੇਖੀਏ

☛ ਤੇ ਉਨ੍ਹਾਂ ਉਪਰ ਇਕ ਕਿਸਮ ਦੀ ਲੇਸਦਾਰ ਚੀਜ਼ ਜੇਹੀ ਸੁਟ ਦੇਂਦੇ ਹਨ। ਇਹ ਲੇਸਦਾਰ ਚੀਜ਼-ਤੇਜ਼ਾਬ-ਦਾ ਅਸਰ ਰਖਦੀ ਹੈ, ਜਿਸ ਨਾਲ ਇਹ ਕੀੜੇ ਗਲਕੇ ਹਜ਼ਮ ਹੋਜਾਂਦੇ ਹਨ।) ਇਨ੍ਹਾਂ ਦਰੱਖਤਾਂ ਦੇ ਪੱਤ੍ਰ ਹੀ ਕੁਦਰਤ ਨੇ ਕੀੜੇ ਫੜਨ ਲਈ ਬਣਾਏ ਹਨ। ਇਨ੍ਹਾਂ ਵਿਚੋਂ ਕਈਆਂ ਵਿਚ ਖੁਸ਼ਬੂਦਾਰ ਵਿਹੁਲੀ ਚੀਜ਼ ਹੁੰਦੀ ਹੈ। ਕੀੜੇ ਵਿਚਾਰੇ ਇਸਦੀ ਖੁਸ਼ਬੂ ਤੇ ਮਸਤ ਹੋਕੇ ਆਉਂਦੇ ਹਨ ਤੇ ਆਪਣੀ ਜਾਨ ਗਵਾ ਦੇਂਦੇ ਹਨ। ਇਸ ਕਿਸਮ ਦੇ ਬੂਟੇ ਕਈ ਪਹਾੜਾਂ ਵਿਚ ਮਿਲਦੇ ਹਨ।

ਦਿਨ ਵੇਲੇ ਸੂਰਜ ਦੀਆਂ ਕਿਰਨਾਂ ਦੇ ਦਰੱਖਤਾਂ ਤੇ ਪੈਣ ਨਾਲ ਦਰੱਖਤਾਂ ਦੇ ਪੱਤਿਆਂ ਦੀਆਂ ਡੰਡੀਆਂ ਤੇ ਉਨ੍ਹਾਂ ਦੇ ਸਿਰੇ ਖੂਬ ਚਮਕਦੇ ਹਨ। ਵਿਚਾਰੇ ਭੋਲੇ ਭਾਲੇ ਕੀੜੇ ਦੂਰੋਂ ਇਸਦੀ ਚਮਕ ਤੇ ਮੋਹਤ ਹੋਕੇ ਇਸਦੇ ਲਾਗੇ ਆਉਂਦੇ ਹਨ ਤੇ ਇਨ੍ਹਾਂ ਉਪਰ ਆ ਬੈਠਦੇ ਹਨ। ਬੈਠਦੇ ਸਾਰ ਲੇਸਦਾਰ ਪਾਣੀ ਇਨ੍ਹਾਂ ਨੂੰ ਚਿਮੜ ਜਾਂਦਾ ਹੈ। ਇਹ ਹੁਣ ਇਸਤੋਂ ਛੁਟਣ ਲਈ ਬਤੇਰੇ ਹੱਥ ਪੈਰ ਮਾਰਦੇ ਹਨ ਪਰ ਵਿਅਰਥ। ਪੱਤੇ ਇਕੱਠੇ ਹੋਕੇ ਕੀੜੇ ਨੂੰ ਆਪਣੇ ਵਿਚ ਕਾਬੂ ਕਰ ਲੈਂਦੇ ਹਨ, ਜਿਸ ਨਾਲ ਕੀੜਾ ਮਰ ਜਾਂਦਾ ਹੈ ਤੇ ਪੱਤੇ ਉਹਨੂੰ ਹਜ਼ਮ ਕਰ ਲੈਂਦੇ ਹਨ। ☛

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.